# ① ਜੀ ਆਇਆਂ ਨੂੰ

CITY OF VANCOUVER




ਪਿਛਲੇ ਸਾਲ, ਸਿਟੀ ਕੌਂਸਲ ਨੇ ਸਟਾਫ ਨੂੰ ਨਿਰਦੇਸ਼ ਦਿੱਤੇ ਕਿ ਉਹ ਪੰਜਾਬੀ ਮਾਰਕੀਟ ਦੀ ਆਉਣ ਵਾਲੀ 50 ਵੀਂ ਵਰ੍ਹੇਗੰਢ ਦੇ ਸਮਰਥਨ ਵਿੱਚ ਕੰਮ ਕਰਨ।

## ਅੱਜ ਦੇ ਈਵੈਂਟ ਦਾ ਉਦੇਸ਼ ਹੈ:

- ਅਕਤੂਬਰ 2019 ਦੀਆਂ ਰੁਝੇਵਿਆਂ ਦੀਆਂ ਗਤੀਵਿਧੀਆਂ ਤੋਂ ਪ੍ਰਾਪਤ ਹੋਈ ਫੀਡਬੈਕ 'ਤੇ **ਵਾਪਸ ਰਿਪੋਰਟ ਕਰਨਾਂ**;
- ਸਿਫਾਰਸ਼ ਕੀਤੀਆਂ ਨੇੜਲੀ-ਮਿਆਦ ਦੀਆਂ ਗਤੀਵਿਧੀਆਂ ਦੀ ਸੰਖੇਪ **ਜਾਣਕਾਰੀ ਪ੍ਰਦਾਨ ਕਰਨਾਂ**; ਅਤੇ
- ਪ੍ਰਸਤਾਵਿਤ ਕਾਰਜਾਂ ਅਤੇ ਅਗਲੇ ਕਦਮਾਂ ਬਾਰੇ **ਤੁਹਾਡੀ ਫੀਡਬੈਕ ਇਕੱਤਰ** ਕਰਨਾਂ।



ਸਿਟੀ ਸਟਾਫ ਸਮੱਗਰੀ ਬਾਰੇ ਕਿਸੇ ਵੀ ਪ੍ਰਸ਼ਨ ਦੇ ਉੱਤਰ ਦੇਣ ਅਤੇ ਤੁਹਾਡੇ ਵਿਚਾਰ ਸੁਣਨ ਲਈ ਹਾਜ਼ਰ ਹੈ।



# 2 ਪਿਛੋਕੜ





ਜੂਨ 2019 ਵਿੱਚ, ਸਿਟੀ ਕੌਂਸਲ ਨੇ ਪੰਜਾਬੀ ਮਾਰਕੀਟ ਦੀ ਮਹੱਤਤਾ ਦੀ ਪੁਸ਼ਟੀ ਕਰਦਾ, ਅਤੇ 31 ਮਈ, 2020 ਨੂੰ ਪੰਜਾਬੀ ਮਾਰਕੀਟ ਦੀ 50ਵੀਂ ਵਰ੍ਹੇਗੰਢ ਵਜੋਂ ਐਲਾਨਦਾ ਹੋਇਆ ਇੱਕ ਮਤਾ ਪਾਸ ਕੀਤਾ।

ਮਤੇ ਨੇ ਸਟਾਫ ਨੂੰ ਜਨਤਕ ਖੇਤਰ ਦੇ ਸੰਭਾਵਤ ਸੁਧਾਰਾਂ ਅਤੇ ਇਸ ਏਰੀਏ ਨੂੰ ਸਹਾਇਤਾ ਦੇਣ ਦੇ ਹੋਰ ਮੌਕਿਆਂ ਦੀ ਪੜਚੋਲ ਕਰਨ ਲਈ ਨਿਰਦੇਸ਼ ਦਿੱਤਾ, ਅਤੇ ਹੋਰ ਅਗਾਂਹ ਸਟਾਫ ਨੂੰ ਪੰਜਾਬੀ ਮਾਰਕੀਟ ਦੇ ਭਵਿੱਖ ਦੀ ਕਲਪਨਾ ਕਰਨ ਲਈ ਇਕ ਸਹਿਯੋਗੀ ਪ੍ਰਕਾਰ ਦੀ ਕਮਿਊਨਿਟੀ ਪ੍ਰਕਿਰਿਆ ਸਿਰਜਣ ਲਈ ਨਿਰਦੇਸ਼ ਦਿੱਤਾ।




ਅਕਤੂਬਰ 2019 ਵਿਚ, ਸਿਟੀ ਸਟਾਫ ਨੇ ਰੁਝੇਵਿਆਂ ਦੀਆਂ ਛੇ ਗਤੀਵਿਧੀਆਂ ਦੀ ਲੜੀ ਦਾ ਆਯੋਜਨ ਕੀਤਾ - ਤਿੰਨ ਏਰੀਏ ਦੇ ਬਿਜ਼ਨਸਾਂ ਅਤੇ ਪ੍ਰਾਪਰਟੀਆਂ ਦੇ ਮਾਲਕਾਂ ਨਾਲ, ਅਤੇ ਤਿੰਨ ਵਡੇਰੀ ਪੱਧਰ ‘ਤੇ ਕਮਿਊਨਿਟੀ ਨਾਲ। ਪ੍ਰੋਗਰਾਮਾਂ ਵਿੱਚ ਹਾਜ਼ਰੀ ਭਰਵੀਂ ਸੀ ਅਤੇ ਸਟਾਫ ਨੂੰ ਬਹੁਤ ਸਾਰੇ ਇਨਪੁੱਟ ਅਤੇ ਵਿਚਾਰ ਪ੍ਰਾਪਤ ਹੋਏ ਸਨ। ਹੇਠਾਂ ਦਿੱਤੇ ਬੋਰਡਾਂ ਵਿੱਚ ਇਨ੍ਹਾਂ ਪ੍ਰੋਗਰਾਮਾਂ ‘ਚੋਂ ਇਕੱਠੀ ਹੋਈ ਫੀਡਬੈਕ ਦੀਆਂ ਪ੍ਰਮੁੱਖ ਗੱਲਾਂ ਦਿੱਤੀਆਂ ਗਈਆਂ ਹਨ।

# 3 ਪੰਜਾਬੀ ਮਾਰਕੀਟ ਦੇ ਬਿਜ਼ਨਸਾਂ ਅਤੇ ਮਾਰਕੀਟ ਏਰੀਏ ਦੀ ਸਹਾਇਤਾ ਕਰਨਾਂ

CITY OF VANCOUVER

**ਜਵਾਬ ਦੇਣ ਵਾਲਿਆਂ ਨੇ ਹੇਠਾਂ ਦਿੱਤੇ ਪ੍ਰਸ਼ਨਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ:**



## ਕਮਿਊਨਿਟੀ ਮੈਂਬਰਾਂ ਲਈ:

1. ਕਿਹੜੀ ਚੀਜ਼ ਪੰਜਾਬੀ ਮਾਰਕੀਟ ਨੂੰ ਦੇਖਣ ਲਈ ਇਕ ਆਕਰਸ਼ਕ ਸਥਾਨ ਬਣਾਏਗੀ?

## ਬਿਜ਼ਨਸਾਂ ਮਾਲਕਾਂ ਲਈ:

1. ਪੰਜਾਬੀ ਮਾਰਕੀਟ ਵਿਚ ਵਪਾਰੀਆਂ ਲਈ ਕਾਰੋਬਾਰੀ ਹਾਲਤਾਂ ਵਿਚ ਸੁਧਾਰ ਲਿਆਉਣ ਲਈ ਇਕੱਠੇ ਹੋ ਕੇ ਹੰਭਲਾ ਮਾਰਨ ਦੇ ਕਿਹੜੇ ਮੌਕੇ ਹੋ ਸਕਦੇ ਹਨ?
2. ਸਿਟੀ ਪੰਜਾਬੀ ਮਾਰਕੀਟ ਵਿਚ ਬਿਜ਼ਨਸਾਂ ਦੀ ਸਹਾਇਤਾ ਕਰਨ ਲਈ ਕਿਵੇਂ ਮਦਦ ਕਰ ਸਕਦਾ ਹੈ?

## ਮੂਲ ਫੀਡਬੈਕ ‘ਚ ਸ਼ਾਮਲ ਹੈ:

- ਪੰਜਾਬੀ ਮਾਰਕੀਟ ਏਰੀਏ ਦੇ ਨਵੀਨੀਕਰਨ ਅਤੇ ਪੁਨਰ-ਸਿਰਜਨ ਅਤੇ ਮਾਰਕੀਟ ਨੂੰ ਵੈਨਕੂਵਰ ਦੀਆਂ ਦੱਖਣੀ ਏਸ਼ੀਆਈ ਕਮਿਊਨਿਟੀਆਂ ਦੇ ਮੁੱਖ ਕੇਂਦਰ ਵਜੋਂ ਵੇਖਣ ‘ਚ ਵੱਡੀ ਦਿਲਚਸਪੀ ਰੱਖਣ ‘ਤੇ ਗੌਰਵ ਮਹਿਸੂਸ ਕਰਨਾਂ;
- ਵਪਾਰਕ ਖੇਤਰ ਨਾਲ ਸਬੰਧਤ ਮੁੱਦਿਆਂ ਅਤੇ ਮੌਕਿਆਂ ਦੀ ਇਕ ਲੜੀ ਬਾਰੇ ਇਨਪੁੱਟ (ਜਿਸ ਵਿਚ ਸ਼ਾਮਲ ਹਨ ਸੁਧਰੇ ਹੋਏ ਰਿਟੇਲ ਅਤੇ ਸੇਵਾਵਾਂ ਦੇ ਮਿਸ਼ਰਣ ਨਾਲ ਸਬੰਧਤ ਮਾਮਲੇ, ਆਵਾਜਾਈ, ਸੁਰੱਖਿਆ, ਜਨਤਕ ਥਾਵਾਂ, ਸੁੰਦਰੀਕਰਨ ਅਤੇ ਕਈ ਹੋਰ ਮੁੱਦੇ);
- ਜਨਤਕ ਖੇਤਰ ਦੇ ਕੰਮਾਂ ਨੂੰ ਪ੍ਰਾਥਮਿਕਤਾਵਾਂ ਦੇਣ ਲਈ ਸਮਰਥਨ ਅਤੇ ਸਹਾਇਤਾ; ਅਤੇ
- ਬਿਜ਼ਨਸ ਤੋਂ ਬਿਜ਼ਨਸ ਸਮਰੱਥਾ ਉਸਾਰਨ ਵਿਚ ਦਿਲਚਸਪੀ, ਅਤੇ ਪੰਜਾਬੀ ਮਾਰਕੀਟ ਏਰੀਏ ‘ਚ ਬਿਜ਼ਨਸ ਸਹਾਇਤਾ ਅਤੇ ਪ੍ਰਚਾਰੀ ਮੌਕਿਆਂ ਨੂੰ ਮਜ਼ਬੂਤ ਬਣਾਉਣ ਦੇ ਯਤਨ।

## ਵਿਚਾਰੇ ਜਾਣ ਲਈ ਭਵਿੱਖ ਦੇ ਕੰਮਾਂ ਦੀ ਪਛਾਣ ਕੀਤੀ ਗਈ, ਜਿੰਨ੍ਹਾਂ ‘ਚ ਸ਼ਾਮਲ ਹਨ:

- ਪੰਜਾਬੀ ਮਾਰਕੀਟ ਦੇ ਇਕ ਸਥਾਨਕ, ਸ਼ਹਿਰ ਵਿਆਪੀ ਅਤੇ ਖੇਤਰੀ ਮੰਜ਼ਿਲ ਵਜੋਂ ਵਿਕਾਸ ਨੂੰ ਸਪਸ਼ਟ ਕਰਨ ਅਤੇ ਵਧਾਉਣ ਦੀਆਂ ਸੰਭਾਵੀ ਗੁੰਜ਼ਾਇਸ਼ਾਂ;
- ਵੈਨਕੂਵਰ ਦੀਆਂ ਦੱਖਣੀ ਏਸ਼ੀਆਈ ਕਮਿਊਨਿਟੀਆਂ ਨਾਲ ਨਿਪਟਾਰੇ ਅਤੇ ਸੁਲ੍ਹਾ-ਸਫਾਈ ਦੇ ਸਵਾਲਾਂ ਨੂੰ ਹੱਲ ਕਰਨ ਦੇ ਮੌਕੇ;
- ਕਮਿਊਨਿਟੀ ਨਾਲ ਮਾਰਕੀਟ ਦੇ ਭਵਿੱਖ ਦੀ ਸਹਿ-ਸਿਰਜਨਾਂ ਦੇ ਤਰੀਕਿਆਂ ਬਾਰੇ ਵਧੇਰੇ ਵਿਆਪਕ ਤੌਰ 'ਤੇ ਸੋਚਣ ਦੀ ਜ਼ਰੂਰਤ ਸਹਿਤ, ਪੰਜਾਬੀ ਮਾਰਕੀਟ ਨੂੰ ਇਕ ਸੱਭਿਆਚਾਰਕ ਅਤੇ ਆਰਥਿਕ ਧੁਰੇ ਵਜੋਂ ਸਥਾਪਤ ਕਰਨ ‘ਚ ਸਹਾਇਤਾ ਦੇਣ ਲਈ ਵਧੀਕ ਢੰਗ ਤਰੀਕੇ, ਅਤੇ
- ਨਾਲ ਹੀ ਸਬੰਧਤ, ਇਹ ਯਕੀਨੀ ਬਣਾਉਣ ਕਮਿਊਨਿਟੀ ਨਾਲ ਕੰਮ ਕਰਨ ਦੀ ਜ਼ਰੂਰਤ, ਕਿ ਸਿਟੀ ਦੇ ਯਤਨ 50ਵੀਂ ਵਰ੍ਹੇਗੰਢ ਤੱਕ ਹੀ ਸੀਮਿਤ ਨਹੀਂ।

# ④ ਜਨਤਕ ਖੇਤਰ ਸਬੰਧੀ ਸਾਰਾਂਸ਼
## ਕਮਿਊਨਿਟੀ ਪ੍ਰਾਥਮਿਕਤਾਵਾਂ

CITY OF VANCOUVER

ਜਨਤਕ ਖੇਤਰ ਦੇ ਕਾਰਜਾਂ ਲਈ ਸ਼ਮੂਲੀਅਤਕ੍ਰਤਾਵਾਂ ਨੇ ਆਪਣੀਆਂ ਸਿਖਰ ਦੀਆਂ ਤਿੰਨ ਚੋਣਾਂ ਦਾ ਸੰਕੇਤ ਕੀਤਾ। ਇਸ ਅਮਲ ਦਾ ਉਦੇਸ਼ ਸਿਟੀ ਸਟਾਫ ਨੂੰ ਕਮਿਊਨਿਟੀ ਦੀਆਂ ਪ੍ਰਾਥਮਿਕਤਾਵਾਂ ਨੂੰ ਬਿਹਤਰ ਤਰੀਕੇ ਨਾਲ ਸਮਝਣ ਵਿੱਚ ਸਹਾਇਤਾ ਕਰਨਾ ਸੀ। ਇਸ ਵਿਚ ਮਾਮੂਲੀ ਜਿਹੇ ਅੰਤਰ ਸਨ ਕਿ ਇਹਨਾਂ ਨੂੰ ਬਿਜ਼ਨਸ/ਪ੍ਰਾਪਰਟੀ ਮਾਲਕਾਂ ਅਤੇ ਵਿਸ਼ਾਲ ਜਨ-ਸਮੂਹ ਦੁਆਰਾ ਕਿਵੇਂ ਪ੍ਰਾਥਮਿਕਤਾਵਾਂ ਦਿੱਤੀਆਂ ਗਈਆਂ। ਇਹ ਸੂਚੀ ਰੁਝੇਵਿਆਂ ਦੀਆਂ ਸਾਰੀਆਂ ਛੇ ਗਤੀਵਿਧੀਆਂ ਦੀ ਸਮੂਹਿਕ ਇਨਪੁੱਟ ਦਰਸਾਉਂਦੀ ਹੈ।

1. ਸਜਾਵਟੀ ਰੋਸ਼ਨੀਆਂ




2. ਪੇਂਟ ਕੀਤੇ ਕੰਧਚਿਤਰ



3. ਵਪਾਰਕ ਵਸਤਾਂ ਦਾ ਵਿਖਾਵਾ + ਪੈਟੀਓ




4. ਬੈਨਰ ਪ੍ਰੋਗਰਾਮ




5. ਛੋਟੀਆਂ ਪਾਰਕਾਂ



6. ਭੋਜਨ ਵਾਲੇ ਟਰੱਕ




7. ਪਲਾਜ਼ਿਆਂ ਨੂੰ ਪੱਕੇ ਰਸਤੇ



8. ਆਰਟਿਸਟ ਕਾਲ



9. ਕਮਿਊਨਿਟੀ ਆਰਟਸ ਗਰਾਂਟ



10. ਸਟਰੀਟ ਫਰਨੀਚਰ



## ਕੁਝ ਕੁ ਮਹੱਤਵਪੂਰਨ ਨੋਟ:

1. ਮੌਜੂਦਾ ਸਮੇਂ ਇਨ੍ਹਾਂ ਕੰਮਾਂ ਲਈ ਕੋਈ ਪ੍ਰਵਾਨਤ ਬੱਜਟ ਨਹੀਂ ਹੈ, ਅਤੇ ਹਰੇਕ ਬਾਰੇ ਅਗਾਂਹ ਕੰਮ ਕਰਨ ਦੀ ਜ਼ਰੂਰਤ ਹੋਏਗੀ। ਹਰ ਪ੍ਰਕਾਰ ਦੇ ਕੰਮ ਲਈ ਵੱਖ ਵੱਖ ਬੱਜਟ, ਤਕਨੀਕੀ ਜ਼ਰੂਰਤਾਂ ਅਤੇ ਕਮਿਊਨਿਟੀ ਭਾਈਵਾਲੀਆਂ ਜ਼ਰੂਰੀ ਹਨ। ਅੰਤਮ ਦਰਜਾਬੰਦੀ ਕਮਿਊਨਿਟੀ ਦੀਆਂ ਪ੍ਰਾਥਮਿਕਤਾਵਾਂ ਦੀ ਨਿਸ਼ਾਨਦੇਹੀ ਕਰਦੀ ਹੈ, ਅਤੇ ਇਹ ਕੋਈ ਪ੍ਰਵਾਨਤ ਜਨਤਕ ਖੇਤਰ ਯੋਜਨਾ ਨਹੀਂ ਹੈ, ਨਾ ਹੀ ਇਸ ਤਰਤੀਬ ਦਾ ਇਹ ਇਸ਼ਾਰਾ ਹੈ ਕਿ ਇਹ ਕੰਮ ਇਸ ਤਰਤੀਬ 'ਚ ਪੂਰੇ ਕੀਤੇ ਜਾਣਗੇ।
2. ਭਵਿੱਖ ਵਾਸਤੇ, ਕੁਝ ਕੁ ਪਛਾਣ ਕੀਤੇ ਗਏ ਅਵਸਰਾਂ - ਜਿਵੇਂ ਛੋਟੀਆਂ ਪਾਰਕਾਂ ਅਤੇ ਪਲਾਜ਼ਿਆਂ ਨੂੰ ਪੱਕੇ ਰਸਤੇ, ਨੂੰ ਜਨਤਕ ਇਕੱਠ ਦੇ ਸਥਾਨ ਉਸਾਰਨ ਦੇ ਸਮਰਥਨ ਲਈ ਵਧੇਰੇ ਆਮ ਉੱਦਮਾਂ ਵਿੱਚ ਜੋੜਿਆ ਜਾ ਸਕਦਾ ਹੈ।

ਕਮਿਊਨਿਟੀ ਇਨਪੁੱਟ ਅਤੇ ਸਟਾਫ ਦੇ ਵਿਸ਼ਲੇਸ਼ਣ 'ਤੇ ਆਧਾਰਿਤ, ਹੇਠ ਲਿਖੀਆਂ ਅੱਠ ਸਿਫਾਰਸ਼ ਕੀਤੀਆਂ ਕਾਰਵਾਈਆਂ ਵਿਚਾਰੇ ਜਾਣ ਲਈ ਸਿਟੀ ਕੌਂਸਲ ਨੂੰ ਪੇਸ਼ ਕੀਤੀਆਂ ਜਾਣਗੀਆਂ। ਇਹ ਮੂਲ ਤੌਰ ਤੇ ਨੇੜਲੀ-ਮਿਆਦ ਦੀਆਂ ਗਤੀਵਿਧੀਆਂ ਬਣਨੀਆਂ ਚਾਹੀਦੀਆਂ ਹਨ। ਭਵਿੱਖ ਦੀ ਯੋਜਨਾਬੰਦੀ ਦਾ ਕੰਮ ਮਾਰਕੀਟ ਖੇਤਰ ਦੇ ਪੁਨਰ-ਨਿਰਮਾਣ ਲਈ ਅਗਾਂਹ ਹੋਰ ਸੰਭਾਵਤ ਦਿਸ਼ਾਵਾਂ ਦੀ ਪਛਾਣ ਕਰ ਸਕਦਾ ਹੈ।



## 1. ਇਤਿਹਾਸਕ ਪ੍ਰਸੰਗ ਬਿਆਨ

ਮਾਰਕੀਟ ਦੇ ਇਤਿਹਾਸ ਦੇ ਠੋਸ ਅਤੇ ਅਮੂਰਤ ਪਹਿਲੂਆਂ ਦੇ ਨਾਲ ਨਾਲ ਇਸ ਏਰੀਏ ਨਾਲ ਜੁੜੀਆਂ ਹੋਈਆਂ ਇਤਿਹਾਸਕ ਅਤੇ ਅਜੋਕੀਆਂ ਸਮਾਜਿਕ/ਸੱਭਿਆਚਾਰਕ ਸੰਪਤੀਆਂ ਅਤੇ ਮੁੱਲਾਂ ਦੀ ਪਛਾਣ ਕਰਨ ਲਈ ਇਕ ਖੋਜ ਪ੍ਰੋਜੈਕਟ।

**ਸਮਾਂ:** ਬਸੰਤ ਰੁੱਤ/ਗਰਮੀਆਂ 2020



## 2. ਸੱਭਿਆਚਾਰਕ ਗਰਾਂਟਾਂ

ਤਿੰਨ ਤਿਉਹਾਰਾਂ, ਜਿਹੜੇ ਪੰਜਾਬੀ ਮਾਰਕੀਟ ਦੀ 50ਵੀਂ ਵਰ੍ਹੇਗੰਢ ਦੇ ਹਿੱਸੇ ਵਜੋਂ ਮਨਾਏ ਜਾਣਗੇ, ਲਈ ਫੰਡਿੰਗ ਦੇਣਾ:

- 5 ਐਕਸ ਫੈਸਟ (ਜੂਨ)
- ਇੰਡੀਅਨ ਸਮਰ ਫੈਸਟ (ਜੁਲਾਈ)
- ਮੌਨਸੂਨ (ਅਗਸਤ)

**ਸਮਾਂ:** ਗਰਮੀਆਂ 2020




## 3. ਵੈਨਕੂਵਰ ਯੋਜਨਾ ਦੀਆਂ ਗਤੀਵਿਧੀਆਂ

ਵੈਨਕੂਵਰ ਯੋਜਨਾ ਦੇ ਹਿੱਸੇ ਵਜੋਂ "ਮਾਰਕੀਟ ਦੇ ਭਵਿੱਖ ਦੀ ਕਲਪਨਾ" ਵਿੱਚ ਸਹਾਇਤਾ ਕਰਨ ਲਈ ਯੋਜਨਾਮਈ ਗਤੀਵਿਧੀਆਂ. ਮੁੱਢਲੀਆਂ ਗਤੀਵਿਧੀਆਂ ਵਿੱਚ ਹੇਠ ਲਿਖਿਆਂ ਨਾਲ ਸਬੰਧਤ ਵਿਚਾਰ ਵਟਾਂਦਰੇ ਸ਼ਾਮਲ ਹੋਣਗੇ:

- ਸਿਟੀ ਦਾ ਅਨੁਭਵ (ਜਾਰੀ)
- ਸਿਟੀ ਜੋ ਅਸੀਂ ਚਾਹੁੰਦੇ ਹਾਂ (ਅਪਰੈਲ 2020)
- ਡੂੰਘੀਆਂ ਟੁੱਭੀਆਂ (ਗਰਮੀਆਂ 2020)

**ਸਮਾਂ:** ਚੱਲ ਰਿਹਾ ਹੈ

ਅਗਲੇ ਬੋਰਡ 'ਤੇ ਜਾਰੀ

# 4. ਜਨਤਕ ਖੇਤਰ ‘ਚ ਨੇੜਲੀ-ਮਿਆਦ ਦੇ ਸੁਧਾਰ

ਇਕ ਜਾਂ ਵਧੇਰੇ ਜਨਤਕ ਖੇਤਰ ਦੇ ਕੰਮ ਜੋ ਮੌਜੂਦਾ ਪ੍ਰੋਗਰਾਮਾਂ ਦੇ ਹਿੱਸੇ ਵਜੋਂ ਕੀਤੇ ਜਾ ਸਕਦੇ ਹਨ ਅਤੇ ਜਿੰਨ੍ਹਾਂ ਨੂੰ ਪੰਜਾਬੀ ਮਾਰਕੀਟ-ਵਿਆਪੀ ਪ੍ਰਬੰਧਕੀ ਹਿੱਸਾ ਬਣਨ ਦੀ ਜ਼ਰੂਰਤ ਨਹੀਂ ਹੈ।

**ਸਮਾਂ:** ਚੱਲ ਰਿਹਾ ਹੈ

## a. ਸਟਰੀਟ ਫਰਨੀਚਰ

ਜਨਤਕ ਖੇਤਰ ਨੂੰ ਚੰਗੇਰਾ ਬਣਾਉਣ ਲਈ ਵਾਧੂ ਬੈਂਚ ਅਤੇ ਸਾਈਕਲ ਰੈਕ ਲਾਉਣ ਲਈ ਸਟਾਫ ਵੱਲੋਂ ਸਟਰੀਟ ਫਰਨੀਚਰ ਮੁਲਾਂਕਣ ਕਰਨਾਂ।



## b. ਜਨਤਕ ਇਕੱਠ ਵਾਲਾ ਏਰੀਆ – ਛੋਟੀ ਪਾਰਕ ਜਾਂ ਸਬੰਧਿਤ।

ਸਿਟੀ ਸਟਾਫ ਜਨਤਕ ਇਕੱਠ ਵਾਲੀ ਜਗ੍ਹਾ/ਛੋਟੀ ਪਾਰਕ ਦੇ ਡਿਜ਼ਾਈਨ ਅਤੇ ਸਥਾਪਨਾ ਦੀ ਪੜਚੋਲ ਕਰੇਗਾ।* ਇਸ ਵਿਚ ਨੇੜਲੇ ਸਕੂਲਾਂ ਦੇ ਵਿਦਿਆਰਥੀਆਂ ਅਤੇ ਬਜ਼ੁਰਗਾਂ ਨਾਲ ਡਿਜ਼ਾਇਨ ਵਰਕਸ਼ਾਪਾਂ ਸ਼ਾਮਲ ਹੋ ਸਕਦੀਆਂ ਹਨ - ਇਸ ਵਿਚ ਸਥਾਨ ਦੀ ਭਾਲ, ਡਿਜ਼ਾਇਨ ਦੇ ਤੱਤ ਅਤੇ ਉਸ ਜਗ੍ਹਾ ਵਿਚ ਸੰਭਾਵਿਤ ਸੱਭਿਆਚਾਰਕ ਪ੍ਰਗਟਾਵੇ ਸ਼ਾਮਲ ਹੋਣਗੇ।



## c. ਗਰੀਨ ਸਟਰੀਟਾਂ

ਪੰਜਾਬੀ ਮਾਰਕੀਟ ਏਰੀਏ ‘ਚ ਛੇ ਤੱਕ ‘ਗਰੀਨ ਸਟਰੀਟ’ ਬਗੀਚਿਆਂ ਨੂੰ ਮੁੜ-ਨਵਿਆਉਣਾ ਜੋ ਵਾਲੰਟੀਅਰਾਂ ਜਾਂ ਬਿਜ਼ਨਸ ਭਾਈਚਾਰੇ ਲਈ ਯੋਗ ਹੋ ਸਕਣ।



* **ਛੋਟੀ ਪਾਰਕ** ਪਾਰਕਿੰਗ ਵਾਲੀ ਥਾਂ ਉੱਤੇ ਇਕ ਵਧਿਆ ਹੋਇਆ ਪਲੇਟਫਾਰਮ ਹੁੰਦਾ ਹੈ, ਅਤੇ ਇਸ ਵਿਚ ਪਬਲਿਕ ਸੀਟਾਂ, ਲੈਂਡਸਕੇਪਿੰਗ ਅਤੇ ਬਾਈਕ ਪਾਰਕਿੰਗ ਸ਼ਾਮਲ ਹੁੰਦੀ ਹੈ। ਇਹ ਲੋਕਾਂ ਨੂੰ ਬੈਠਣ, ਆਰਾਮ ਕਰਨ ਅਤੇ ਸਮਾਜਿਕ ਮੇਲ-ਜੋਲ ਲਈ ਜਨਤਕ ਜਗ੍ਹਾ ਪ੍ਰਦਾਨ ਕਰਦਾ ਹੈ।

ਅਗਲੇ ਬੋਰਡ 'ਤੇ ਜਾਰੀ




## 5. 50ਵੀਂ ਵਰੇਗੰਢ ਦਾ ਐਲਾਨਨਾਮਾ

31 ਮਈ ਨੂੰ ਔਪਚਾਰਕ ਤੌਰ ‘ਤੇ “ਪੰਜਾਬੀ ਮਾਰਕੀਟ ਦਿਵਸ” ਵਜੋਂ ਮਿਥਣਾ।

**ਸਮਾਂ:** ਮਈ 2020



## 6. ਜਨਤਕ ਖੇਤਰ ਵਿਚ ਕਮਿਊਨਿਟੀ ਆਰਟ, ਕਲਾਕਾਰਾਂ ਲਈ ਬੁਲਾਵਾ

ਸਿਟੀ ਦੇ ਮੁਰਾਲ ਪ੍ਰੋਗਰਾਮ ਦੁਆਰਾ ਅਸਥਾਈ ਵਿਜ਼ੂਅਲ ਆਰਟ ਨੂੰ ਉਤਸ਼ਾਹਿਤ ਕਰਨਾਂ ਅਤੇ ਸਮਰਥਨ ਦੇਣਾ

**ਸਮਾਂ:** ਚੱਲ ਰਿਹਾ ਹੈ




## 7. ਵਪਾਰਕ ਖੇਤਰ ਦੀ ਸਮਰੱਥਾ ਨਿਰਮਾਣ ਦਾ ਕੰਮ + ਬਿਜ਼ਨਸ ਤੋਂ ਬਿਜਨੈਸ ਸਹਾਇਤਾ

ਕਮਿਊਨਿਟੀ ਦੇ ਨਾਲ ਅੰਤਰ-ਸਬੰਧਿਤ ਵਪਾਰਕ ਸਮਰੱਥਾ ਨਿਰਮਾਣ, ਖੋਜ ਅਤੇ ਰਣਨੀਤਕ ਯੋਜਨਾਬੰਦੀ ਦੇ ਉੱਦਮ ਅਤੇ ਖਾਸ ਤੌਰ 'ਤੇ, ਵਪਾਰਕ ਖੇਤਰ ਦੇ ਦੋ ਮੂਲ ਸਟੇਕਹੋਲਡਰ ਗਰੁੱਪ: ਵਪਾਰੀ/ਬਿਜ਼ਨਸ ਮਾਲਕ, ਅਤੇ ਪ੍ਰਾਪਰਟੀ ਮਾਲਕ।



ਪਹੁੰਚ ਵਿੱਚ ਸ਼ਾਮਲ ਹੋਣਗੇ:

- ਸਰਵੇਖਣ, ਬਹਿਰੂਨੀ ਪਹੁੰਚ ਅਤੇ ਵਿਸ਼ਲੇਸ਼ਣ - ਰਿਟੇਲ ਅਤੇ ਸੇਵਾਵਾਂ ਦਾ ਮਿਸ਼ਰਣ, ਭੂਤ, ਵਰਤਮਾਨ ਅਤੇ ਭਵਿੱਖ ਦਾ ਗਾਹਕ ਅਧਾਰ + ਮੌਕੇ, ਸਥਾਨਕ ਅਤੇ ਦੂਰ-ਦਰਾਜ਼ ਦਾ ਵਿਭਾਜਨ, ਰੋਲ ਸਪੱਸ਼ਟੀਕਰਨ ਆਦਿ।
- ਵਪਾਰਕ ਸਟੇਕਹੋਲਡਰ ਫੋਕਸ ਗਰੁੱਪ/ਮੀਟਿੰਗਾਂ ਅਤੇ ਸਮਰੱਥਾ-ਨਿਰਮਾਣ ਵਰਕਸ਼ਾਪਾਂ - ਵਪਾਰੀ, ਪ੍ਰਾਪਰਟੀ ਮਾਲਕ
- ਸੰਗਠਨਾਤਮਕ ਵਿਕਾਸ – ਬਿਜ਼ਨਸ ਬਿਜ਼ਨਸ ਦਰਮਿਆਨ ਸਹਿਯੋਗ ਅਤੇ ਸਮੁੱਚੇ ਤੌਰ ‘ਤੇ ਵਪਾਰਕ ਖੇਤਰ ਦੇ ਪ੍ਰਬੰਧਮਈ ਯਤਨਾਂ ਨੂੰ ਸਮਰਥਨ
- ਵਪਾਰਕ ਖੇਤਰ ਦੀ ਰਣਨੀਤੀ – ਵਿਚਾਰਨ ਵਾਸਤੇ ਦਿਸ਼ਾ-ਨਿਰਦੇਸ਼ ਜਿਵੇਂ ਕਿ ਰਿਟੇਲ ਮਿਕਸ, ਲੀਜ਼/ਭਰਤੀ, ਬ੍ਰਾਂਡਿੰਗ ਅਤੇ ਪਛਾਣ, ਅਤੇ ਗਾਹਕ ਜੋੜੀ ਰੱਖਣਾ ਅਤੇ ਵਿਕਾਸ

**ਸਮਾਂ:** ਗਰਮੀਆਂ/ਪਤਝੜ 2020 (ਸ਼ੁਰੂਆਤ)



ਅਗਲੇ ਬੋਰਡ 'ਤੇ ਜਾਰੀ

## 8. ਲੰਮੇਰੀ ਮਿਆਦ ਦੀ ਸੰਭਾਵਿਤ ਕਮਿਊਨਟੀ ਸਟੀਵਰਡਸ਼ਿੱਪ ਭਾਈਵਾਲੀ



ਸੱਭਿਆਚਾਰਕ ਸਬੰਧਾਂ ਨੂੰ ਚੰਗੇਰੇ ਢੰਗ ਨਾਲ ਪ੍ਰਗਟਾਉਣ ਅਤੇ ਸਿਟੀ ਦੀ ਪ੍ਰਾਪਰਟੀ ਦੇ ਸੁੰਦਰੀਕਰਨ ਦਾ ਪ੍ਰਬੰਧ ਸੰਭਾਲਣ ਲਈ ਕਮਿਊਨਿਟੀ ਸਮਰੱਥਾ ਉਸਾਰੀ ਰਾਹੀਂ ਕਮਿਊਨਿਟੀ ਸੰਗਠਨਾਂ ਲਈ ਮੌਕਿਆਂ ਨੂੰ ਵਧਾਉਣਾ



ਕਮਿਊਨਿਟੀ ਸਟੀਵਰਡਸ਼ਿੱਪ ਭਾਈਵਾਲੀ ਦੁਆਰਾ ਸਿਟੀ ਸਜਾਵਟੀ ਲਾਈਟਿੰਗ ਵਰਗੇ ਇੰਨਫ੍ਰਾਸਟ੍ਰੱਕਚਰ ਵਿਚ ਪੂੰਜੀ ਨਿਵੇਸ਼ਾਂ ਦੀ ਭਾਲ ਕਰਨ ਦੇ ਮੌਕੇ ਪ੍ਰਦਾਨ ਕਰ ਸਕਦਾ ਹੈ ਜਿੰਨ੍ਹਾਂ ਦੇ ਪ੍ਰਬੰਧਨ ਲਈ ਜਾਰੀ ਰਹਿਣ ਵਾਲੇ ਪ੍ਰਬੰਧਕਾਂ ਦੀ ਲੋੜ ਹੈ। ਸਿਫਾਰਸ਼ ਕੀਤੀ ਗਈ ਕਿ ਇਸ ਮਾਡਲ ਰਾਹੀਂ ਸਜਾਵਟੀ ਲਾਈਟਾਂ ਵਾਸਤੇ ਭਾਲ ਕੀਤੀ ਜਾਵੇ।






## ਸਜਾਵਟੀ ਲਾਈਟਾਂ ਲਈ ਪ੍ਰਸਤਾਵਿਤ ਕਦਮ



ਸਿਰਫ ਉਦਾਹਰਨ - ਲੰਡਨ, ਯੂਕੇ

- ਮੌਜੂਦਾ ਇੰਨਫ੍ਰਾਸਟ੍ਰੱਕਚਰ ਦਾ ਸਟਰੀਟ ਲਾਈਟਿੰਗ ਮੁਲਾਂਕਣ ਕਰਨਾਂ
- ਕਿਸੇ ਕਮਿਊਨਿਟੀ ਸਟੀਵਰਡਸ਼ਿੱਪ ਭਾਈਵਾਲ ਦੀ ਭਾਲ ਕਰਨਾ
- ਸਿਟੀ ਤਕਨੀਕੀ ਮੁਲਾਂਕਣ ਦੀ ਅਗਵਾਈ ਕਰੇ
- ਕਮਿਊਨਿਟੀ ਦੀ ਅਗਵਾਈ ਵਾਲੀ ਡਿਜ਼ਾਈਨ ਪ੍ਰਕਿਰਿਆ
- ਪੂੰਜੀ ਅਤੇ ਸਥਾਪਨ ਦੇ ਖਰਚੇ
- ਦੇਖਭਾਲ ਅਤੇ ਪ੍ਰਬੰਧਨ



ਬੁਰਾਰਡ ਸਟ੍ਰੀਟ

# ⑨ ਆਪਣੇ ਵਿਚਾਰ ਸਾਂਝੇ ਕਰੋ

CITY OF VANCOUVER

## ਤੁਸੀਂ ਪ੍ਰਸਤਾਵਿਤ ਕਾਰਵਾਈਆਂ ਬਾਰੇ ਕੀ ਸੋਚਦੇ ਹੋ?

ਤੁਹਾਡੇ ਵਿਚਾਰ ਸੁਣਨ ਲਈ ਸਿਟੀ ਸਟਾਫ ਅੱਜ ਹਾਜ਼ਰ ਹੈ। ਤੁਸੀਂ ਕੋਈ ਟਿੱਪਣੀ ਇਕ ਸਟਿੱਕੀ ਨੋਟ ‘ਤੇ ਵੀ ਲਿਖ ਸਕਦੇ ਹੋ।
ਜੇ ਕਿਸੇ ਖਾਸ ਸਿਫਾਰਸ਼ ਬਾਰੇ ਤੁਹਾਡੀ ਕੋਈ ਫੀਡਬੈਕ ਹੈ, ਤਾਂ ਕਿਰਪਾ ਕਰਕੇ ਆਪਣੀ ਟਿੱਪਣੀ ਵਿੱਚ ਸਿਫਾਰਸ਼ ਨੰਬਰ ਦਾ ਜ਼ਿਕਰ ਕਰਨਾ ਯਕੀਨੀ ਬਣਾਉ।

ਆਪਣੀਆਂ ਟਿੱਪਣੀਆਂ ਹੇਠਾਂ ਦਿੱਤੀ ਜਗ੍ਹਾ 'ਤੇ ਲਿਖੋ!

CITY OF VANCOUVER




**ਸਿਟੀ ਸਟਾਫ 2020 ਦੇ ਸ਼ੁਰੂ 'ਚ ਕੌਂਸਲ ਨੂੰ ਸਿਫਾਰਸ਼ ਕੀਤੇ ਅਗਲੇ ਕਦਮਾਂ ਦੀ ਪੇਸ਼ਕਸ਼ ਕਰਨ ਦੀ ਉਮੀਦ ਕਰਦਾ ਹੈ, ਅਤੇ ਤਾਰੀਕ ਜਲਦੀ ਹੀ ਸਾਂਝੀ ਕੀਤੀ ਜਾਏਗੀ।**

## ਇਸ ਸਮੇਂ ਤੱਕ

- **ਪੰਜਾਬੀ ਮਾਰਕੀਟ ਵੈੱਬਪੇਜ ਵੇਖੋ**
  ਅਕਤੂਬਰ 2019 ਦੀਆਂ ਰੁਝੇਵਿਆਂ ਦੀਆਂ ਗਤੀਵਿਧੀਆਂ ਦੇ ਪੂਰੇ ਸਾਰ ਸਮੇਤ, ਵਧੇਰੇ ਜਾਣਕਾਰੀ ਲਈ ਵੇਖੋ vancouver.ca/punjabimarket
- ਮਹੱਤਵਪੂਰਣ ਪ੍ਰੋਗਰਾਮਾਂ ਅਤੇ ਪਹਿਲਕਦਮੀਆਂ ਬਾਰੇ ਜਾਣਕਾਰੀ ਰੱਖਣ ਲਈ **ਸਾਡੀ ਮੇਲਿਲਲੰਗ ਲਿਸਟ ਨਾਲ ਸਾਈਨ ਅੱਪ ਕਰਨਾ** ਯਕੀਨੀ ਬਣਾਉ। ਇਸ ਮਹੱਤਵਪੂਰਣ ਸਥਾਨ ਦੇ ਭਵਿੱਖ ਨੂੰ ਨੂੰ ਸ਼ਕਲ ਦੇਣ 'ਚ ਸਹਾਇਤਾ ਕਰੋ!
- **ਸੰਪਰਕ ਵਿਚ ਰਹੋ!** ਕਿਸੇ ਸਵਾਲ ਜਾਂ ਵਧੀਕ ਵਿਚਾਰ ਦੇਣ ਲਈ ਸਿਟੀ ਦੀ ਪੰਜਾਬੀ ਮਾਰਕੀਟ ਟੀਮ ਨਾਲ ਸੰਪਰਕ ਕਰੋ।



ਮਹੱਤਵਪੂਰਣ ਪ੍ਰੋਗਰਾਮਾਂ ਅਤੇ ਪਹਿਲਕਦਮੀਆਂ ਬਾਰੇ ਜਾਣਕਾਰੀ ਰੱਖਣ ਲਈ **ਸਾਡੀ ਮੇਲਿੰਗ ਲਿਸਟ ਨਾਲ ਸਾਈਨ ਅੱਪ ਕਰਨਾ** ਯਕੀਨੀ ਬਣਾਉ। ਇਸ ਮਹੱਤਵਪੂਰਣ ਸਥਾਨ ਦੇ ਭਵਿੱਖ ਨੂੰ ਸ਼ਕਲ ਦੇਣ 'ਚ ਸਹਾਇਤਾ ਕਰੋ!

## ਸੰਪਰਕ ਕਰੋ

punjabimarket@vancouver.ca

vancouver.ca/punjabimarket